# ਆਈਸ਼ਰ ਬਣਾਏਗਾ ਹੁਣ ਵਧੇਰੇ ਪਾਏਦਾਰ ਵਾਹਨ

ਵਪਾਰ ਪ੍ਰਤੀਨਿਧ

**ਚੰਡੀਗੜ੍ਹ, 23 ਜੁਲਾਈ**
ਵੋਲਵੋ ਆਈਸ਼ਰ ਦੀ ਸਾਂਝੇ ਉਦਯੋਗ ਵਾਲੀ ਕੰਪਨੀ ਵੀ.ਈ.ਸੀ.ਵੀ. ਡਿਜ਼ਾਈਨਿੰਗ, ਵਿਕਾਸ, ਉਤਪਾਦਨ ਸਿਸਟਮ, ਵੰਡ ਪ੍ਰਣਾਲੀ ਅਤੇ ਹੋਰ ਸੇਵਾਵਾਂ ਦੇ ਖੇਤਰ ਵਿਚ ਵਧੇਰੇ ਨਿਵੇਸ਼ ਕਰਕੇ ਹੈਵੀ ਡਿਊਟੀ ਵਾਹਨ ਬਾਜ਼ਾਰ 'ਤੇ ਕਾਬਜ਼ ਹੋਵੇਗੀ। ਇਹ ਪ੍ਰਗਟਾਵਾ ਅੱਜ ਇਥੇ ਇਕ ਸੰਮੇਲਨ ਦੌਰਾਨ ਵੀ.ਈ. ਕਮਰਸ਼ੀਅਲ ਵਹੀਕਲਜ਼ ਦੇ ਚੀਫ ਕਾਰਜਕਾਰੀ ਅਧਿਕਾਰੀ ਸ੍ਰੀ ਵਿਨੋਦ ਅਗਰਵਾਲ ਨੇ ਕੀਤਾ। ਉਨ੍ਹਾਂ ਕਿਹਾ ਕਿ ਕੰਪਨੀ ਕੋਲ ਹੁਣ ਆਈਸ਼ਰ ਵਾਹਨਾਂ ਦੀ ਵੱਡੀ ਲੜੀ ਸਮੇਤ ਸਪੇਅਰ ਪਾਰਟਸ ਅਤੇ ਉੱਤਮ ਇੰਜੀਨੀਅਰਿੰਗ ਕਾਬਲੀਅਤ ਦੇ ਨਾਲ ਵੋਲਵੋ ਟਰੱਕਾਂ ਦੀ ਵਿਕਰੀ ਤੇ ਵੰਡ ਪ੍ਰਣਾਲੀ ਮੌਜੂਦ ਹੈ। ਇਸ ਲਈ ਅੰਤਰ-ਰਾਸ਼ਟਰੀ ਮਿਆਰਾਂ ਵਾਲੇ ਵਾਹਨ ਹੁਣ ਭਾਰਤੀ ਬਾਜ਼ਾਰ ਵਿਚ ਸਿੱਕਾ ਜਮਾਉਣਗੇ। ਵੋਲਵੋ ਦੀ ਵੰਡ-ਪ੍ਰਣਾਲੀ ਵਿਸ਼ਵ ਭਰ 'ਚ ਫੈਲੀ ਹੋਣ ਕਾਰਨ ਸਾਨੂੰ ਆਪਣੇ ਵਾਹਨ 26 ਦੇ ਕਰੀਬ ਦੇਸ਼ਾਂ ਵਿਚ ਭੇਜਣ ਲਈ ਬੜੀ ਆਸਾਨੀ ਹੋਵੇਗੀ। ਸ੍ਰੀ ਅਗਰਵਾਲ ਰਿਆਤ ਬਾਹਰਾ ਵੀ.ਈ.ਸੀ.ਵੀ. ਆਟੋਮੋਬਾਈਲ ਤਕਨਾਲੋਜੀ ਕੇਂਦਰ ਦਾ ਉਦਘਾਟਨ ਕਰਨ ਉਪਰੰਤ ਪੱਤਰਕਾਰਾਂ ਨੂੰ ਮਿਲੇ ਸਨ।